# ਕਾਰਡਿਫ ਅਤੇ ਦਿ ਵੇਲ ਦਿਮਾਗ਼ੀ ਸਿਹਤ ਵਿਕਾਸ ਪ੍ਰੌਜੈਕਟ [Cardiff & The Vale Mental Health Development Project]

ਕਾਰਡਿਫ ਅਤੇ ਗਲੈਮੋਰਗਨ ਦੇ ਦਿ ਵੇਲ **[Cardiff and the Vale of Glamorgan]** ਵਿਚ ਦਿਮਾਗ਼ੀ ਸਿਹਤ ਸੇਵਾਵਾਂ ਕਾਰਡਿਫ ਅਤੇ ਦਿ ਵੇਲ ਦਿਮਾਗ਼ੀ ਸਿਹਤ ਵਿਕਾਸ ਪ੍ਰੌਜੈਕਟ ਵੈਬਸਾਈਟ ਵੇਖਣ ਲਈ ਤੁਹਾਡਾ ਧੰਨਵਾਦ। ਇਹ ਵੈਬਸਾਈਟ, ਇਸ ਪ੍ਰੌਜੈਕਟ ਬਾਰੇ ਜਾਣਕਾਰੀ ਮੁਹਈਆ ਕਰਦੀ ਹੈ ਅਤੇ ਕਾਰਡਿਫ ਅਤੇ ਗਲੇਮੋਰਗਨ ਦੇ ਦਿ ਵੇਲ ਵਿਚ ਦਿਮਾਗ਼ੀ ਸਿਹਤ ਸੇਵਾਵਾਂ ਦੀ ਡਾਇਰੈਕਟਰੀ [Directory of Mental Health Services in Cardiff and the Vale of Glamorgan] ਨੂੰ ਆੱਨਲਾਈਨ ਮੁਹਈਆ ਕਰਦੀ ਹੈ।

ਇਹ ਡਾਇਰੈਕਟਰੀ, ਦਿਮਾਗ਼ੀ ਸਿਹਤ ਦੀਆਂ ਲੋੜਾਂ ਵਾਲੇ ਲੋਕਾਂ ਲਈ ਉਪਲਬੱਧ ਸੇਵਾਵਾਂ ਬਾਰੇ ਜਾਣਕਾਰੀ ਮੁਹਈਆ ਕਰਦੀ ਹੈ। ਇਸ ਵਿਚ ਬੱਚਿਆਂ ਅਤੇ ਨੌਜਵਾਨਾਂ, ਬਾਲਗਾਂ ਅਤੇ ਬਜ਼ੁਰਗਾਂ ਲਈ ਸੇਵਾਵਾਂ ਸ਼ਾਮਿਲ ਹਨ।

## ਇਸ ਵਿਚ ਇਹਨਾਂ ਬਾਰੇ ਜਾਣਕਾਰੀ ਸ਼ਾਮਿਲ ਹੈ

- ਕਾਨੂੰਨੀ ਮਾਮਲੇ – ਮਿਸਾਲ ਵਜੋਂ ਦਿਮਾਗ਼ੀ ਸਿਹਤ ਕਾਨੂੰਨ [Mental Health Act] ਅਤੇ ਕੇਅਰਰਸ ਕਾਨੂੰਨ [Carers Acts ]
- ਵਿਧਾਨਕ ਖੇਤਰ, ਜਿਵੇਂ ਕਿ ਸਥਾਨਕ ਰਾਸ਼ਟਰੀ ਸਿਹਤ ਸੇਵਾਵਾਂ (NHS) ਟ੍ਰਸਟ, ਸਥਾਨਕ ਅਧਿਕਾਰੀ ਅਤੇ ਪੁਲਿਸ ਵਲੋਂ ਦਿਤੀਆਂ ਜਾਂਦੀਆਂ ਸੇਵਾਵਾਂ।
- ਸ੍ਵੈ-ਸੇਵੀ ਸੰਸਥਾਵਾਂ ਵਲੋਂ ਦਿਤੀਆਂ ਜਾਂਦੀਆਂ ਸੇਵਾਵਾਂ
- ਟੈਲੀਫ਼ੋਨ ਹੈਲਪਲਾਈਨਜ਼ ਦੀ ਇਕ ਸੂਚੀ।

ਬਦਕਿਸਮਤੀ ਨਾਲ ਸਾਡੇ ਕੋਲ ਇਸ ਡਾਇਰੈਕਟਰੀ ਦਾ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੇ ਵਸੀਲੇ ਨਹੀਂ ਹਨ।

## ਸੇਵਾਵਾਂ ਲਈ ਪਹੁੰਚ ਕਿਵੇਂ ਕਰੋ

ਜੇ ਤੁਹਾਨੂੰ ਪਹਿਲੀ ਵਾਰ, ਸੇਵਾਵਾਂ ਲਈ ਪਹੁੰਚ ਦੀ ਲੋੜ ਹੈ, ਤਾਂ ਤੁਹਾਨੂੰ, ਆਮ ਤੌਰ 'ਤੇ ਸੱਭ ਤੋਂ ਪਹਿਲਾਂ ਆਪਣੇ ਜੀਪੀ ਨਾਲ ਸੰਪਰਕ ਕਰਨ ਦੀ ਲੋੜ ਹੋਏਗੀ। ਜੀਪੀ, ਜ਼ਰੂਰਤ ਦਾ ਜਾਇਜ਼ਾ ਲਏਗਾ ਅਤੇ ਤੁਹਾਡੇ ਇਲਾਕੇ ਵਿਚ ਕੰਮ ਕਰ ਰਹੀ ਭਾਈਚਾਰਕ ਦਿਮਾਗ਼ੀ ਸਿਹਤ ਟੀਮ [Community Mental Health Team] ਕੋਲ ਭੇਜੇਗਾ। ਜੇ ਜੀਪੀ ਇਸ ਜ਼ਰੂਰਤ ਦਾ ਇਕ ਐਮਰਜੈਂਸੀ (ਜਿਥੇ ਇਕ ਵਿਅਕਤੀ, ਆਪਣੇ ਆਪ ਲਈ ਜਾਂ ਹੋਰਨਾਂ ਲਈ ਇਕ ਖ਼ਤਰਾ ਹੈ) ਵਜੋਂ ਮੁਲਾਂਕਣ ਕਰਦਾ ਹੈ, ਇਹ ਤੁਰੰਤ ਜਾਇਜ਼ਾ ਯਕੀਨੀ ਬਣਾਉਣ ਦਾ ਇਕ ਤਰੀਕਾ ਹੈ।

## ਭਾਸ਼ਾ ਲੋੜਾਂ

ਹੇਠ ਲਿਖੀਆਂ ਵਿਧਾਨਕ ਏਜੰਸੀਆਂ, ਜਿਥੇ ਕਿਤੇ ਲੋੜ ਹੋਏ, ਇਕ ਦੁਭਾਸ਼ੀਆ ਸੇਵਾਵਾਂ ਲਈ ਪਹੁੰਚ ਕਰ ਸਕਣ ਦੇ ਸਮਰੱਥ ਹਨ :

- ਕਾਰਡਿਫ ਅਤੇ ਵੇਲ NHS ਟ੍ਰਸਟ [Cardiff and Vale NHS Trust] (ਕਾਰਡਿਫ ਅਤੇ ਗਲੇਮੋਰਗਨ ਦਾ ਈਸਟਰਨ ਵੇਲ [Eastern Vale of Glamorgan] ਵਿਚ ਦਿਮਾਗ਼ੀ ਸਿਹਤ ਸੇਵਾਵਾਂ ਮੁਹਈਆ ਕਰਦਾ ਹੈ) : ਦੁਭਾਸ਼ੀਆ ਸੇਵਾਵਾਂ ਜਾਂ ਤਾਂ ਆਹਮੋ-ਸਾਹਮਣੇ ਜਾਂ ਭਾਸ਼ਾ ਲਾਈਨ ਰਾਹੀਂ ਮੁਹਈਆ ਕੀਤੀਆਂ ਜਾਂਦੀਆਂ ਹਨ।
- ਗਲੇਮੋਰਗਨ ਕੌਂਸਲ ਦਿ ਵੇਲ
- ਕਾਰਡਿਫ ਕੌਂਸਲ
- Bro Morgannwyg NHS ਟ੍ਰਸਟ (ਪੂਰੇ ਗਲੇਮੋਰਗਨ ਦਾ ਵੈਸਟਰਨ ਵੇਲ [Western Vale of Glamorgan] ਵਿਚ ਕੰਮ ਕਰਨ ਵਾਲਾ)

ਕਾਰਡਿਫ ਅਤੇ ਵਾਲੇ ਦਿਮਾਗ਼ੀ ਸਿਹਤ ਵਿਕਾਸ ਪ੍ਰੌਜੈਕਟ ਲਈ ਪ੍ਰਤਿਪੁਸ਼ਟੀ
ਬਦਕਿਸਮਤੀ ਨਾਲ ਕਾਰਡਿਫ ਅਤੇ ਵੇਲ ਦਿਮਾਗ਼ੀ ਸਿਹਤ ਵਿਕਾਸ ਪ੍ਰੌਜੈਕਟ ਕੋਲ ਹੋਰਨਾਂ ਭਾਸ਼ਾਵਾਂ ਬੋਲਣ ਵਾਲਾ ਸਟਾਫ਼ ਨਹੀਂ ਹੈ, ਪਰ ਅਸੀਂ ਇਸ ਵੈਬਸਾਈਟ ਅਤੇ ਡਾਇਰੈਕਟਰੀ ਬਾਰੇ ਕਿਸੇ ਪ੍ਰਤੀਕਰਮ ਦਾ ਸੁਆਗਤ ਕਰਾਂਗੇ, ਤਾਂ ਕਿ ਅਸੀਂ ਇਸ ਨੂੰ ਬਿਹਤਰ ਬਣਾਉਣਾ ਜਾਰੀ ਰੱਖ ਸਕੀਏ।

## ਧੰਨਵਾਦ

**www.cvmhdp.org.uk**
**Tel 029 2022 2000 Fax 029 2023 8258**